ਗਰਮੀਆਂ 2023

# ਇਮਪਲੌਏਅਰਜ਼ ਐਡਵਾਈਜ਼ਰ

BRITISH COLUMBIA | Employers' Advisers Office

*ਇਮਪਲੌਏਅਰਜ਼ ਐਡਵਾਈਜ਼ਰ ਦੇ ਦਫਤਰ, ਲੇਬਰ ਮਨਿਸਟਰੀ, ਬੀ.ਸੀ. ਸਰਕਾਰ ਵਲੋਂ ਇਕ ਬੁਲੇਟਿਨ। ਇਮਪਲੌਏਅਰਜ਼ ਐਡਵਾਈਜ਼ਰ ਦਾ ਦਫਤਰ, ਵਰਕਰਜ਼ ਕੰਪਨਸੇਸ਼ਨ ਸਿਸਟਮ ਦੇ ਸਾਰੇ ਪੱਖਾਂ 'ਤੇ ਸਲਾਹ, ਮਦਦ, ਨੁਮਾਇੰਦਗੀ, ਅਤੇ ਸਿੱਖਿਆ ਦੀਆਂ ਸੇਵਾਵਾਂ ਦਿੰਦਾ ਹੈ।*

## ਨਵਾਂ ਲਰਨਿੰਗ ਮੈਨੇਜਮੈਂਟ ਸਿਸਟਮ

ਸਾਨੂੰ ਇਹ ਐਲਾਨ ਕਰਕੇ ਖੁਸ਼ੀ ਹੋ ਰਹੀ ਹੈ ਕਿ ਅਸੀਂ ਆਪਣੇ ਸੈਮੀਨਾਰਾਂ ਦੀ ਰਜਿਸਟਰੇਸ਼ਨ ਦੇ ਪ੍ਰਬੰਧ ਲਈ ਸਤੰਬਰ ਵਿਚ ਇਕ ਨਵਾਂ ਲਰਨਿੰਗ ਮੈਨੇਜਮੈਂਟ ਸਿਸਟਮ ਸ਼ੁਰੂ ਕਰਾਂਗੇ। ਇਸ ਦਾ ਸਭ ਤੋਂ ਉਡੀਕਿਆ ਜਾ ਰਿਹਾ ਫੀਚਰ ਸ਼ਾਇਦ ਇਹ ਹੈ ਕਿ ਹਿੱਸਾ ਲੈਣ ਵਾਲਿਆਂ ਵਲੋਂ ਲਰਨਿੰਗ ਅਕਾਊਂਟ ਲਈ ਰਜਿਸਟਰ ਹੋ ਜਾਣ ਬਾਅਦ, ਸੈਮੀਨਾਰ ਲਈ ਰਜਿਸਟਰੇਸ਼ਨ ਹੁਣ ਇਕ ਕਦਮ ਵਿਚ ਪੂਰੀ ਕੀਤੀ ਜਾਵੇਗੀ। ਨਵਾਂ ਸਿਸਟਮ ਹਿੱਸਾ ਲੈਣ ਵਾਲਿਆਂ ਨੂੰ ਆਪਣੇ ਸਰਟੀਫਿਕੇਟ ਆਪਣੇ ਲਰਨਿੰਗ ਅਕਾਊਂਟਾਂ ਵਿਚ ਔਨਲਾਈਨ ਦੇਖਣ ਦੀ ਆਗਿਆ ਵੀ ਦੇਵੇਗਾ। ਕਿਰਪਾ ਕਰਕੇ ਯਾਦ ਰੱਖੋ ਕਿ ਜੇ ਤੁਸੀਂ ਸਾਡੇ ਕਿਸੇ ਵਰਚੁਅਲ ਜਾਂ ਹਾਜ਼ਰੀ ਵਾਲੇ ਸੈਮੀਨਾਰ ਵਿਚ ਸ਼ਾਮਲ ਹੋਣਾ ਚਾਹੁੰਦੇ ਹੋ ਤਾਂ ਤੁਹਾਡੇ ਲਈ ਪਹਿਲਾਂ ਰਜਿਸਟਰ ਹੋਣਾ ਜ਼ਰੂਰੀ ਹੈ। ਸਿਸਟਮ ਉਨ੍ਹਾਂ ਵਿਅਕਤੀ ਲਈ ਰਜਿਸਟਰੇਸ਼ਨ ਸਰਟੀਫਿਕੇਟ ਦੇਣ ਦੇ ਯੋਗ ਨਹੀਂ ਹੋਵੇਗਾ ਜਿਹੜੇ ਸੈਸ਼ਨ ਦੇ ਸ਼ੁਰੂ ਹੋਣ ਤੋਂ ਪਹਿਲਾਂ ਰਜਿਸਟਰ ਨਹੀਂ ਹੋਏ ਹਨ।

## ਕੀ ਤੁਸੀਂ ਤਿਆਰ ਹੋ?

2024 ਤੁਹਾਡੀ ਸੋਚਣੀ ਤੋਂ ਛੇਤੀ ਆ ਰਿਹਾ ਹੈ ਅਤੇ ਇਹ ਕੰਮ ਦੀ ਥਾਂ 'ਤੇ ਸਿਹਤ ਅਤੇ ਸੇਫਟੀ ਦੀਆਂ ਸ਼ਰਤਾਂ ਦੇ ਸੰਬੰਧ ਵਿਚ ਕੁਝ ਮਹੱਤਵਪੂਰਨ ਤਬਦੀਲੀਆਂ ਲਿਆ ਰਿਹਾ ਹੈ।

1 ਜਨਵਰੀ, 2024 ਤੋਂ, ਬੀ.ਸੀ. ਵਿਚ ਐਸਬੈਸਟਸ ਕੱਢਣ ਦਾ ਕੰਮ ਕਰ ਰਹੇ ਕਿਸੇ ਵੀ ਵਿਅਕਤੀ ਲਈ ਇਹ ਸਰਟੀਫਿਕੇਸ਼ਨ ਲੈਣ ਦੀ ਲੋੜ ਹੋਵੇਗੀ ਕਿ ਉਸ ਨੇ ਕਿਸੇ ਮਾਨਤਾ ਪ੍ਰਾਪਤ ਟਰੇਨਿੰਗ ਦੇਣ ਵਾਲੇ ਤੋਂ ਟਰੇਨਿੰਗ ਪੂਰੀ ਕੀਤੀ ਹੈ। ਇਸ ਦੇ ਨਾਲ ਹੀ 1 ਜਨਵਰੀ, 2024 ਤੋਂ, ਵਰਕਰ ਨੂੰ ਆਪਣੀ ਸੱਟ ਤੋਂ ਪਹਿਲਾਂ ਦੀ ਜੌਬ, ਉਸ ਦੇ ਬਰਾਬਰ ਦੀ ਜੌਬ ਜਾਂ ਹੋਰ ਢੁਕਵੇਂ ਕੰਮ 'ਤੇ ਵਾਪਸ ਭੇਜਣ ਲਈ ਕੰਮ-ਮਾਲਕ (ਇਮਪਲੌਏਅਰ) ਅਤੇ ਜ਼ਖਮੀ ਵਰਕਰ ਨੂੰ ਇਕ ਦੂਜੇ ਨਾਲ ਅਤੇ ਵਰਕਸੇਫ ਬੀ ਸੀ ਨਾਲ ਸਹਿਯੋਗ ਕਰਨ ਦੀ ਲੋੜ ਹੋਵੇਗੀ। 20 ਜਾਂ ਜ਼ਿਆਦਾ ਵਰਕਰਾਂ ਵਾਲੇ ਕੰਮ-ਮਾਲਕਾਂ ਦਾ *ਵਰਕਰਜ਼ ਕੰਪਨਸੇਸ਼ਨ ਐਕਟ* ਹੇਠ ਜ਼ਖਮੀ ਵਰਕਰਾਂ ਨੂੰ ਨਾਵਾਜਬ ਤੰਗੀ ਦੇ ਪੌਆਇੰਟ ਤੱਕ ਸਹੂਲਤ ਦੇ ਕੇ ਉਨ੍ਹਾਂ ਦੇ ਰੁਜ਼ਗਾਰ ਨੂੰ ਕਾਇਮ ਰੱਖਣ ਦਾ ਫਰਜ਼ ਵੀ ਹੋਵੇਗਾ।

1 ਨਵੰਬਰ, 2024 ਤੋਂ, ਆਕੂਪੇਸ਼ਨਲ ਹੈਲਥ ਐਂਡ ਸੇਫਟੀ ਰੈਗੂਲੇਸ਼ਨ ਨੂੰ ਫਸਟ ਏਡ ਦੀਆਂ ਨਵੀਂਆਂ ਘੱਟੋ ਘੱਟ ਸ਼ਰਤਾਂ ਸ਼ਾਮਲ ਕਰਨ ਲਈ ਅਪਡੇਟ ਕੀਤਾ ਜਾਵੇਗਾ।

ਅਸੀਂ ਸਾਰੇ ਕੰਮ-ਮਾਲਕਾਂ ਨੂੰ ਇਨ੍ਹਾਂ ਆ ਰਹੀਆਂ ਤਬਦੀਲੀਆਂ ਬਾਰੇ ਜਾਣਨ ਲਈ ਉਤਸ਼ਾਹ ਦਿੰਦੇ ਹਾਂ। ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰਕੇ ਸਾਡੇ ਨਾਲ ਸਾਡੇ ਟੋਲ ਫ੍ਰੀ ਨੰਬਰ 1-800-925-2233 ਰਾਹੀਂ ਜਾਂ EAO@EAO-BC.ORG 'ਤੇ ਈਮੇਲ ਰਾਹੀਂ ਸੰਪਰਕ ਕਰੋ।

## WORKSAFEBC ਮੌਜੂਦਾ ਜਨਤਕ ਸੁਣਵਾਈਆਂ ਅਤੇ ਸਲਾਹ-ਮਸ਼ਵਰੇ

| ਮੌਜੂਦਾ ਸਲਾਹ-ਮਸ਼ਵਰੇ | ਸਲਾਹ-ਮਸ਼ਵਰੇ ਦੀ ਡੈੱਡਲਾਈਨ |
|---|---|
| ਸਹਿਯੋਗ ਕਰਨ ਅਤੇ ਰੁਜ਼ਗਾਰ ਕਾਇਮ ਰੱਖਣ ਦਾ | 1 ਸਤੰਬਰ, 2023 |
| ਕਰੇਨ ਅਤੇ ਚੁਕਾਈ ਕਰਨ ਵਾਲੇ ਸੰਦਾਂ ਬਾਰੇ ਰੈਗੂਲੇਸ਼ਨ | 25 ਅਗਸਤ, 2023 |
| ਪੁਰਾਣੀ ਦਰਦ ਬਾਰੇ ਪੌਲਸੀ | 6 ਅਕਤੂਬਰ, 2023 |
| ਮਾਨਸਿਕ ਵਿਗਾੜ ਬਾਰੇ ਪੌਲਸੀ | 6 ਅਕਤੂਬਰ, 2023 |

**ਸਾਡੇ ਨਾਲ ਸੰਪਰਕ ਕਰੋ**
**ਫੋਨ: 1-800-925-2233; ਫੈਕਸ: 1-855-664-7993**
www.gov.bc.ca/employersadvisers
ਇਨਕੁਆਰੀਆਂ/ਸਬਸਕਰਾਈਬ/ਅਨਸਬਸਕਰਾਈਬ: EAO@eao-bc.org